# ਪੰਜਾਬ ਸਕੂਲ ਸਿੱਖਿਆ ਬੋਰਡ

## ਪਬਲਿਕ ਨੋਟਿਸ

ਮਿਤੀ: 13.06.2025

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇੱਕ ਫੇਸਬੁੱਕ ਪੇਜ 'Job Alerts by Hardeep' ਤੇ ਬੋਰਡ ਦੇ ਲੋਗੋ ਦੀ ਗਲਤ ਵਰਤੋਂ ਕਰਕੇ ਭਰਤੀ 2025 ਦੇ ਨਾਂ ਤੇ ਜਾਅਲੀ ਨੋਟਿਸ ਜਾਰੀ ਕੀਤਾ ਗਿਆ ਹੈ ਜਿਸ ਵਿੱਚ ਲਿਖਿਆ ਗਿਆ ਹੈ ਕਿ ਕਿਸੇ ਪੇਪਰ ਦੀ ਲੋੜ ਨਹੀਂ, ਸਿੱਧੀ ਭਰਤੀ ਹੋਵੇਗੀ ਅਤੇ ਸੈਲਰੀ ₹47,600 ਹੋਵੇਗੀ। ਇਸ ਨੋਟਿਸ ਦੀ ਆਖਰੀ ਮਿਤੀ 24.06.2025 ਦਰਸਾਈ ਗਈ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ ਇਸ ਨਕਲੀ ਨੋਟਿਸ ਨਾਲ ਕੋਈ ਸਬੰਧ ਨਹੀਂ ਰੱਖਦਾ। ਇਹ ਨੋਟਿਸ ਧੋਖਾਧੜੀ ਅਤੇ ਆਮ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਹੈ। ਸਭ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਅਜਿਹੇ ਠੱਗੀ ਭਰੇ ਨੋਟਿਸਾਂ ਤੋਂ ਸਾਵਧਾਨ ਰਹਿਣ ਅਤੇ ਕਿਸੇ ਵੀ ਨਕਲੀ ਭਰਤੀ ਜਾਂ ਪੈਸੇ ਦੀ ਮੰਗ ਕਰਨ ਵਾਲੀਆਂ ਵੈੱਬਸਾਈਟਾਂ ਜਾਂ ਸੋਸ਼ਲ ਮੀਡੀਆ ਪੇਜਾਂ ਤੋਂ ਦੂਰ ਰਹਿਣ।

ਅਸਲ ਅਤੇ ਅਧਿਕਾਰਤ ਭਰਤੀ ਸਿਰਫ਼ ਬੋਰਡ ਦੀ ਵੈੱਬਸਾਈਟ www.pseb.ac.in 'ਤੇ ਹੀ ਜਾਰੀ ਕੀਤੀ ਜਾਂਦੀ ਹੈ। ਕਿਸੇ ਵੀ ਸ਼ੱਕੀ ਗਤੀਵਿਧੀ ਜਾਂ ਨੋਟਿਸ ਬਾਰੇ ਤੁਰੰਤ ਬੋਰਡ ਨੂੰ ਸੂਚਿਤ ਕਰੋ ਜਾਂ ਨਜ਼ਦੀਕੀ ਪੁਲਿਸ ਥਾਣੇ ਜਾਂ ਸਾਈਬਰ ਕ੍ਰਾਈਮ ਸੈੱਲ ਨੂੰ ਜਾਣਕਾਰੀ ਦਿਓ।

ਜਨਤਕ ਹਿੱਤ ਵਿੱਚ ਜਾਰੀ।

ਸਹੀ/-

ਪਬਲਿਕ ਰਿਲੇਸ਼ਨ ਅਫਸਰ
ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ